## ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰੋਜੈਕਟਰ ਡਾਇਰੈਕਟਰ
### ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ , ਅਜੀਤਗੜ੍ਹ
ਵਿੱਦਿਆ ਭਵਨ, ਈ ਬਲਾਕ, ਪੰਜਵੀ ਮੰਜਿਲ, ਫੇਜ਼-8 ਅਜੀਤਗੜ੍ਹ (ਮੁਹਾਲੀ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ),
ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ),
ਸਮੂਹ ਸਕੂਲ ਮੁੱਖੀ, ਪੰਜਾਬ।

ਮੀਮੋ ਨੰ. ਐਮ.ਆਈ.ਐਸ/2017/ਯੂ-ਡਾਈਸ/2017/ 12780
ਮਿਤੀ : 21/11/2017

ਵਿਸ਼ਾ : ਯੂ-ਡਾਈਸ ਸਰਵੇ 2017-18 ਸੰਬੰਧੀ ਐਜੂਸੈਟ ਟ੍ਰੇਨਿੰਗ।

ਉਕਤ ਵਿਸ਼ੇ ਦੇ ਸੰਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਭਾਰਤ ਸਰਕਾਰ ਵੱਲੋਂ ਕਰਵਾਇਆ ਜਾ ਰਿਹਾ ਯੂ-ਡਾਈਸ ਸਰਵੇ 2017-18 ਸ਼ੁਰੂ ਹੋ ਗਿਆ ਹੈ।ਇਸ ਸਾਲ ਸਰਵੇ ਸੰਬੰਧੀ ਡਾਟਾ ਸਮੂਹ ਸਕੂਲਾਂ ਤੋਂ ਆਨ ਲਾਈਨ ਸਾਫਟਵੇਅਰ ਰਾਹੀਂ ਭਰਵਾਇਆ ਜਾ ਰਿਹਾ ਹੈ। ਸਮੂਹ ਸਕੂਲਾਂ ਵੱਲੋਂ ਯੂ-ਡਾਈਸ ਫਾਰਮਟ ਦਾ ਬਹੁਤ ਡਾਟਾ ਈ-ਪੰਜਾਬ ਪੋਰਟਲ ਉਤੇ ਪਹਿਲਾਂ ਹੀ ਅਪਡੇਟ ਕੀਤਾ ਜਾ ਚੁੱਕਿਆ ਹੈ। ਇਸ ਲਈ ਜੋ ਡਾਟਾ ਸਕੂਲਾਂ ਵੱਲੋਂ ਈ-ਪੰਜਾਬ ਪੋਰਟਲ ਉਤੇ ਭਰਿਆ ਹੋਇਆ ਹੈ ਉਹ ਯੂ-ਡਾਈਸ ਸਰਵੇ ਫਾਰਮਟ ਵਿੱਚ ਪਹਿਲਾਂ ਤੋਂ ਹੀ ਆਨਲਾਈਨ ਸਾਫਟਵੇਅਰ ਨਾਲ ਜੋੜ ਦਿੱਤਾ ਗਿਆ ਹੈ ਅਤੇ ਇਹ ਨਾ ਬਦਲਣਯੋਗ (non-editable) ਹੈ। ਜੇਕਰ ਕੋਈ ਸਕੂਲ ਇਸ ਡਾਟਾ ਨੂੰ ਬਦਲਣਾ ਚਾਹੁੰਦਾ ਹੈ ਤਾਂ ਉਹ ਈ-ਪੰਜਾਬ ਪੋਰਟਲ ਉਤੇ ਡਾਟਾ ਸਹੀ ਕਰੇ, ਤਾਂ ਹੀ ਡਾਟਾ ਬਦਲਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਜੋ ਡਾਟਾ ਈ-ਪੰਜਾਬ ਪੋਰਟਲ ਉਤੇ ਮੌਜੂਦ ਨਹੀਂ ਹੈ, ਉਹ ਆਨ-ਲਾਈਨ ਯੂ-ਡਾਈਸ ਫਾਰਮਟ ਵਿੱਚ ਉਥੇ ਹੀ ਭਰਿਆ ਜਾ ਸਕੇਗਾ।

ਯੂ-ਡਾਈਸ ਸਰਵੇ ਦਾ ਡਾਟਾ ਫਾਰਮਟ ਆਨਲਾਈਨ ਸਾਫਟਵੇਅਰ ਵਿੱਚ ਭਰਨ ਸੰਬੰਧੀ ਟ੍ਰੇਨਿੰਗ ਮੁੱਖ ਦਫਤਰ ਵੱਲੋਂ ਸਮੂਹ ਸਰਕਾਰੀ ਸਕੂਲਾਂ ਨੂੰ ਐਜੂਸੈਟ ਰਾਹੀਂ ਦਿੱਤੀ ਜਾਵੇਗੀ। ਟ੍ਰੇਨਿੰਗ ਦਾ ਸ਼ੈਡਿਊਲ ਹੇਠ ਅਨੁਸਾਰ ਹੈ:

| ਲੜੀ ਨੰ. | ਮਿਤੀ | ਸਮਾਂ | ਅਧਿਕਾਰੀ ਜਿਸ ਨੂੰ ਟ੍ਰੇਨਿੰਗ ਦਿੱਤੀ ਜਾਣੀ ਹੈ | ਸਥਾਨ |
|---|---|---|---|---|
| 1 | 24-11-2017 | 9:00 ਸਵੇਰੇ ਤੋਂ 10:00 ਵਜੇ ਸਵੇਰੇ ਤੱਕ | • ਜਿਲ੍ਹਾ ਸਿੱਖਿਆ ਅਫਸਰ(ਸੈ.ਸਿੱ),<br>• ਸਮੂਹ ਜ਼ਿਲਾ ਐਮ.ਆਈ.ਐਸ.ਕੋਆਰਡੀਨੇਟਰਜ,<br>• ਸਮੂਹ ਬਲਾਕ ਐਮ.ਆਈ.ਐਸ.ਕੋਆਰਡੀਨੇਟਰਜ,<br>• ਸਮੂਹ ਸਰਕਾਰੀ ਮਿਡਲ, ਹਾਈ, ਸੀਨੀਅਰ ਸੈਕੰਡਰੀ ਸਕੂਲਾਂ ਦੇ ਮੁੱਖੀ | ਨਜ਼ਦੀਕੀ ਐਜੂਸੈਟ ਸੁਵਿਧਾ ਵਾਲੇ ਸਕੂਲ ਵਿੱਚ ਹਾਜ਼ਰੀ ਦੇਣ। |
| 2 | 25-11-2017 | | • ਜਿਲ੍ਹਾ ਸਿੱਖਿਆ ਅਫਸਰ(ਐ.ਸਿੱ),<br>• ਸਮੂਹ ਬਲਾਕ ਸਿੱਖਿਆ ਅਫਸਰ,<br>• ਸਮੂਹ ਜ਼ਿਲਾ ਐਮ.ਆਈ.ਐਸ.ਕੋਆਰਡੀਨੇਟਰਜ,<br>• ਸਮੂਹ ਬਲਾਕ ਐਮ.ਆਈ.ਐਸ.ਕੋਆਰਡੀਨੇਟਰਜ,<br>• ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ ਦੇ ਇੰਨਚਾਰਜ | |

ਉਕਤ ਟ੍ਰੇਨਿੰਗ ਵਿੱਚ ਸਮੂਹ ਅਧਿਕਾਰੀਆਂ ਦਾ ਭਾਗ ਲੈਣਾ ਯਕੀਨੀ ਬਣਾਇਆ ਜਾਵੇ ਅਤੇ ਡਾਟਾ ਫਾਰਮਟ ਨੂੰ ਚੰਗੀ ਤਰ੍ਹਾਂ ਸਮਝ ਲਿਆ ਜਾਵੇ। ਇਹ ਸੁਝਾਅ ਹੈ ਕਿ ਟ੍ਰੇਨਿੰਗ ਦੌਰਾਨ ਹਰ ਇੱਕ ਅਧਿਕਾਰੀ ਯੂ-ਡਾਈਸ ਫਾਰਮਟ ਦੀ ਕਾਪੀ ਨਾਲ ਲੈ ਕੇ ਆਵੇ।ਯੂ-ਡਾਈਸ ਡਾਟਾ ਆਨਲਾਈਨ ਮਿਤੀ 05-12-2017 ਤੱਕ ਹਰ ਸਕੂਲ ਵੱਲੋਂ ਭਰਾ ਦਿੱਤਾ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ,
ਪੰਜਾਬ।

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ / ਐ.ਸਿ), ਬਠਿੰਡਾ

ਪਿੱਠ ਅੰਕਣ ਨੰ.: ਐਜੂਸੈਟ() 2017/ ਸਪੰਰਕ    ਮਿਤੀ : 22.11.17

ਉਪਰੋਕਤ ਪੱਤਰ ਸੂਚਨਾ ਹਿੱਤ ਜ਼ਿਲ੍ਹੇ ਸਮੂਹ ਸਰਕਾਰੀ ਸਕੂਲ ਅਤੇ ਬੀ.ਪੀ.ਈ.ਓ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਦੀ ਇਨ ਬਿਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

22/11/17
ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ),
ਬਠਿੰਡਾ